ਭਗਤ ਨਾਮਦੇਵ - ਸਬਦ ੮

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥

ਰਾਗੁ ਗੂਜਰੀ, ਭਗਤ ਨਾਮਦੇਉ, ਗੁਰੂ ਗ੍ਰੰਥ ਸਾਹਿਬ, ੫੨੫

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥1॥
ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥1॥ ਰਹਾਉ ॥
ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥
ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥2॥
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥3॥2॥

ਸਾਰ: ਅਦ੍ਰਿਸ਼ਟ ਅਤੇ ਸਦੀਵੀ ਤਾਕਤ ਸਾਡੀ ਦ੍ਰਿਸ਼ਟੀਗਤ ਹਕੀਕਤ ਨੂੰ ਉਸੇ ਤਰ੍ਹਾਂ ਘੜਦੀ ਹੈ ਜਿਵੇਂ ਜੜ੍ਹਾਂ ਰੁੱਖ ਨੂੰ ਸੰਭਾਲਦੀਆਂ ਅਤੇ ਪਾਲਦੀਆਂ ਹਨ। ਹਕੀਕਤ ਸਾਡੀਆਂ ਇੰਦ੍ਰੀਆਵੀ ਸੂਝ ਤੋਂ ਪਰੇ ਤੱਕ ਫੈਲੀ ਹੋਈ ਹੈ ਅਤੇ ਇਹ ਗੁਰੁੱਤਾ ਆਕਰਸ਼ਣ ਅਤੇ ਸੂੱਖਮ ਕਣਾਂ ਵਰਗੀਆਂ ਅਦ੍ਰਿਸ਼ਟ ਤਾਕਤਾਂ ਦੇ ਸਹਾਰੇ ਖੜ੍ਹੀ ਹੈ। ਭਾਵੇਂ ਇਹ ਊਰਜਾਵਾਂ ਦਿਖਾਈ ਨਹੀਂ ਦਿੰਦੀਆਂ, ਪਰ ਅਸੀਂ ਆਪਣੇ ਜੀਵਨ ਦੇ ਹਰ ਪੱਖ ਵਿਚ ਉਨ੍ਹਾਂ ਦੇ ਪ੍ਰਭਾਵ ਨੂੰ ਮਹਿਸੂਸ ਕਰ ਸਕਦੇ ਹਾਂ। ਇਸੇ ਤਰ੍ਹਾਂ, ਵਿਚਾਰ ਆਪਣੇ ਆਪ ਵਿਚ ਅਦ੍ਰਿਸ਼ਟ ਹੋ ਸਕਦੇ ਹਨ, ਪਰ ਉਹ ਸਾਡੇ ਵਿਹਾਰ ਅਤੇ ਫੈਸਲਿਆਂ 'ਤੇ ਗਹਿਰਾ ਅਸਰ ਪਾਉਂਦੇ ਹਨ। ਇਸ ਨੂੰ ਸਵਿਕਾਰ ਕਰਨਾ ਬੇਹੱਦ ਜ਼ਰੂਰੀ ਹੈ ਕਿ ਜੇਕਰ ਕੋਈ ਵਸਤ ਵਿਖਾਈ ਨਹੀਂ ਦਿੰਦੀ ਤਾਂ ਇਸ ਨਾਲ ਉਸਦੀ ਮਹੱਤਤਾ ਅਤੇ ਹੋਂਦ ਘੱਟ ਨਹੀਂ ਜਾਂਦੀ; ਨਜ਼ਰੀਂ ਨਾ ਆਉਣਾ, ਹਕੀਕਤ ਦੀ ਗੈਰਹਾਜ਼ਰਤਾ ਦਾ ਪ੍ਰਮਾਣ ਨਹੀਂ ਹੁੰਦਾ।

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥

ਰੱਤੀ ਭਰ ਮਲੀਨਤਾ ਤੋਂ ਰਹਿਤ, ਦਾਗ਼ ਮੁਕਤ, ਮਹਿਕ ਵਾਂਗ, ਉਹ ਸਰਬਵਿਆਪੀ ਸਤਾ ਅੰਦਰ ਹੀ ਵੱਸਦੀ ਹੈ। ਇਹ ਭਾਵ ਜੀਵਨ-ਸ਼ਕਤੀ ਦੇ ਉਨ੍ਹਾਂ ਅਦ੍ਰਿਸ਼ਟ ਗੁਣਾਂ ਨੂੰ ਉਜਾਗਰ ਕਰਦਾ ਹੈ, ਜੋ ਇਸ ਦੇ ਦ੍ਰਿਸ਼ਟਮਾਨ ਗੁਣਾਂ ਦਾ ਸਹਾਰਾ ਹੁੰਦੇ ਹਨ।

ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥1॥

ਹੇ ਭਾਈ ਸੱਚਮੁੱਚ ਇਸਦਾ ਮੂਲ ਕੌਣ ਜਾਣ ਸਕਦਾ ਹੈ? ਕਿਉਂ ਕਿ ਕਿਸੇ ਨੇ ਵੀ ਇਸਦਾ ਉਦਭਵ ਨਹੀਂ ਦੇਖਿਆ। (੧)

ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥

ਹੇ ਭਾਈ, ਜਿਸ ਦਾ ਕੋਈ ਕੁਲ ਨਹੀਂ, ਉਸ ਸਰਬ-ਵਿਆਪੀ ਸਤਾ ਨੂੰ ਕੌਣ ਸਮਝ ਜਾਂ ਵਰਣਨ ਕਰ ਸਕਦਾ ਹੈ। (੧)(ਠਹਿਰਾਉ)

ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥

ਇਹ ਅਸਮਾਨ ਵਿਚ ਉੱਡਦੇ ਪੰਛੀ ਦੇ ਰਾਹ ਵਾਂਗ ਬਿਲਕੁਲ ਅਗਿਆਤ ਹੈ।

ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥

ਜਿਵੇਂ ਪਾਣੀ ਵਿਚ ਤੈਰਦੀ ਮੱਛੀ ਦਾ ਰਸਤਾ ਵੀ ਅਣਡਿਠ ਰਹਿੰਦਾ ਹੈ। (੨)

ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥

ਜਿਵੇਂ ਇਕ ਹਿਰਨ ਆਪਣੀ ਪਿਆਸ ਬੁਝਾਉਣ ਲਈ ਤਰਸਦਾ ਹੈ, ਉਹ ਅਸਮਾਨ ਨੂੰ ਪਾਣੀ ਨਾਲ ਭਰਿਆ ਘੜਾ ਸਮਝ ਲੈਂਦਾ ਹੈ।

ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਦਾ ਪ੍ਰੀਤਮ ਸਰਵ ਵਿਆਪਕ ਸਤਾ ਹੈ, ਜੋ ਸ੍ਰਿਸ਼ਟੀ ਦੇ ਤਿੰਨਾਂ ਖੰਡਾਂ ਵਿਚ ਪ੍ਰਗਟ ਹੁੰਦੀ ਹੈ; ਇਸਦਾ ਭਾਵ ਹੈ ਕਿ ਉਹ ਊਰਜਾ ਜੋ ਸਿਰਜਦੀ, ਕਾਇਮ ਰੱਖਦੀ ਹੈ ਅਤੇ ਵਿਨਾਸ਼ ਕਰਦੀ ਹੈ, ਹੋਂਦ ਦੇ ਹਰ ਤੱਤ ਵਿੱਚ ਮੌਜੂਦ ਹੈ। (੩)(੨)

ਤੱਤ: ਭਗਤ ਨਾਮਦੇਵ ਇਕ ਅਦੁੱਤੀ ਸਤਾ ਬਾਰੇ ਚਿੰਤਨ ਕਰਦੇ ਹਨ ਜੋ ਸਾਡੀ ਇੰਦ੍ਰਿਆਵੀ ਧਾਰਨਾ ਤੋਂ ਪਰੇ ਹਰ ਵਸਤ ਨੂੰ ਸਿਰਜਦੀ, ਕਾਇਮ ਰੱਖਦੀ, ਅਤੇ ਵਿਨਾਸ਼ ਕਰਦੀ ਹੈ। ਇਹ ਅਦ੍ਰਿਸ਼ ਸਤਾ ਸ੍ਰਿਸ਼ਟੀ ਦੇ ਹਰ ਪਹਿਲੂ ਨੂੰ ਜੀਵੰਤ ਕਰਦੀ ਹੋਈ, ਅਸਮਾਨ ਵਿਚ ਇਕ ਪੰਛੀ ਜਾਂ ਪਾਣੀ ਵਿਚ ਇਕ ਮੱਛੀ ਵਾਂਗ ਚੁੱਪਚਾਪ ਹੋਂਦ ਵਿਚ ਵਿਚਰਦੀ ਹੈ। ਉਹ ਕਹਿੰਦੇ ਹਨ ਕਿ ਇਹ ਊਰਜਾ ਦੂਰ ਦਿਖਾਈ ਦੇ ਸਕਦੀ ਹੈ, ਪਰ ਇਹ ਹਮੇਸ਼ਾ ਸਾਡੇ ਅੰਦਰ ਅਤੇ ਆਲੇ ਦੁਆਲੇ ਇਕ ਪਿਆਰੇ ਸਾਥੀ ਵਾਂਗ ਹਾਜ਼ਰ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**